بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 08.09.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਮਲਿਸੇ ਸ਼ੂਰਾ ਜੱਦ ਕੋਈ ਵਿਉਂਤਬੰਦੀ ਕਰਦੀ ਹੈ ਅਤੇ ਫਿਰ ਇਕ ਰਾਏ'ਤੇ ਕਾਇਮ ਹੁੰਦੀ ਹੈ ਅਤੇ ਫਿਰ ਉਸ'ਤੇ ਅਮਲ ਕਰਨ ਲਈ ਇਕ ਫ਼ਰੇਮਵਰਕ (ਕਾਰਜ ਯੋਜਨਾ) ਤਿਆਰ ਕਰਕੇ ਖ਼ਲੀਫ਼ਾਤੁਲ ਮਸੀਹ ਕੋਲ ਮਨਜ਼ੂਰੀ ਲਈ ਭਿਜਵਾਇਆ ਜਾਂਦਾ ਹੈ ਅਤੇ ਜੱਦ ਮਨਜ਼ੂਰੀ ਹੋ ਜਾਂਦੀ ਹੈ ਤਾਂ ਇਸ'ਤੇ ਆਪਣੀਆਂ ਸਾਰੀਆਂ ਸ਼ਕਤੀਆਂ ਤੇ ਗੁਣਾ ਨਾਲ ਅਮਲ ਕਰਾਉਣਾ ਤੇ ਕਰਨਾ ਮਜਲਿਸੇ ਸ਼ੂਰਾ ਦੇ ਮੈਂਬਰਾਂ ਦੀ ਜ਼ਿੱਮੇਦਾਰੀ ਹੈ ਅਤੇ ਹਰ ਪਧੱਰ'ਤੇ ਜਮਾਤੀ ਉਹਦੇਦਾਰਾਂ ਦੀ ਵੀ ਜ਼ਿੱਮੇਦਾਰੀ ਹੈ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 08 ਸਤੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

**ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :**

اُدۡعُ اِلٰی سَبِیۡلِ رَبِّکَ بِالۡحِکۡمَۃِ وَالۡمَوۡعِظَۃِ الۡحَسَنَۃِ وَجَادِلۡہُمۡ بِالَّتِیۡ ہِیَ اَحۡسَنُ ؕ اِنَّ رَبَّکَ ہُوَ اَعۡلَمُ بِمَنۡ ضَلَّ عَنۡ سَبِیۡلِہٖ وَہُوَ اَعۡلَمُ بِالۡمُہۡتَدِیۡنَ (سورۃ النحل:126)

ਇਸ ਆਇਤ ਦਾ ਅਰਥ ਇਹ ਹੈ ਕਿ ਆਪਣੇ ਰੱਬ ਦੇ ਮਾਰਗ ਵੱਲ ਹਿਕਮਤ (ਦਾਨਾਈ, ਸਮਝਦਾਰੀ) ਨਾਲ ਅਤੇ ਚੰਗੀ ਨਸੀਹਤ ਨਾਲ ਦਾਵਤ ਦੇਵੇ ਅਤੇ ਉਹਨਾਂ ਨਾਲ ਅਜਿਹੀ ਦਲੀਲ ਨਾਲ ਵਿਚਾਰ ਵਟਾਂਦਰਾ ਕਰੇ ਜੋ ਬਿਹਤਰੀਨ ਹੋਵੇ, ਨਿਸ਼ਚੇ ਹੀ ਤੇਰਾ ਰੱਬ ਹੀ ਉਸ ਨੂੰ ਜੋ ਉਸ ਦੇ ਮਾਰਗ ਤੋਂ ਭਟਕ ਚੁਕਿਆ ਹੈ ਅਤੇ ਉਹ ਸੁਮਾਰਗ ਪਾਉਣ ਵਾਲਿਆਂ ਦਾ ਵੀ ਸਭ ਤੋਂ ਵੱਧ ਜਾਣਕਾਰੀ ਰਖੱਦਾ ਹੈ ।

ਦੁਨੀਆ ਦੇ ਕਈ ਦੇਸ਼ਾਂ ਦੀਆਂ ਜਮਾਤਾਂ ਨੇ ਆਪਣੀਆਂ ਸ਼ੂਰਾ ਦੀਆ ਮਜਲਿਸਾਂ ਵਿੱਚ ਇਕ ਤਜਵੀਜ਼ ਨੂੰ ਰੱਖਿਆ ਅਤੇ ਉਸ'ਤੇ ਬਹੁਤ ਚੰਗੀ ਬਹਿਸ ਕੀਤੀ ਅਤੇ ਆਪਣਾ ਫ਼ਰੇਮਵਰਕ (ਕਾਰਜ ਯੋਜਨਾ) ਬਣਾਇਆ ਕਿ ਕਿਵੇਂ ਅਸੀਂ ਇਸਲਾਮ ਦਾ ਹਕੀਕੀ ਸੰਦੇਸ਼ ਆਪਣੇ ਦੇਸ਼ ਦੇ ਹਰ ਤਬਕੇ ਵਿੱਚ ਪਹੁੰਚਾਉਣ ਦੇ ਕੰਮ ਨੂੰ ਵਧਾ ਸਕਦੇ ਹਨ ਜਾਂ

ਉਸ ਨੂੰ ਮੁਢੱਲੀਆਂ ਨੀਹਾਂ'ਤੇ ਕਾਇਮ ਕਰ ਸਕਦੇ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਭਾਵੇਂ ਇਹ ਪ੍ਰਚਾਰ ਦੇ ਕੰਮ ਲਈ ਯੋਜਨਾਬੰਦੀ ਹੈ ਜਾਂ ਕਿਸੇ ਹੋਰ ਕੰਮ ਦੀ ਯੋਜਨਾਬੰਦੀ । ਮਜਲਿਸੇ ਸ਼ੂਰਾ ਜੱਦ ਕੋਈ ਵੀ ਯੋਜਨਾ ਬਣਾਉਂਦੀ ਹੈ ਤਾਂ ਵੱਖ ਵੱਖ ਸੁਝਾਅ ਸਾਹਮਣੇ ਆਉਂਦੇ ਹਨ ਅਤੇ ਫਿਰ ਇਕ ਰਾਏ ਬਣਦੀ ਹੈ ਅਤੇ ਇਸ'ਤੇ ਅਮਲ ਕਰਨ ਲਈ ਇਕ ਫ਼ਰੇਮਵਰਕ ਬਣਾਕੇ ਸਮੇਂ ਦੇ ਖ਼ਲੀਫ਼ਾ ਪਾਸ ਮਨਜ਼ੂਰੀ ਲਈ ਭਿਜਵਾਇਆ ਜਾਂਦਾ ਹੈ ਅਤੇ ਜੱਦ ਮਨਜ਼ੂਰੀ ਹੋ ਜਾਂਦੀ ਹੈ ਤਾਂ ਉਸ'ਤੇ ਆਪਣੀਆਂ ਸਾਰੀਆਂ ਸ਼ਕਤੀਆਂ ਤੇ ਗੁਣਾ ਅਨੁਸਾਰ ਅਮਲ ਕਰਾਉਣਾ ਤੇ ਕਰਨਾ ਮਜਲਿਸੇ ਸ਼ੂਰਾ ਦੇ ਮੈਂਬਰਾਂ ਦੀ ਜ਼ਿੱਮੇਦਾਰੀ ਹੈ ਅਤੇ ਹਰ ਪਧੱਰ ਦੇ ਜਮਾਤੀ ਉਹਦੇਦਾਰਾਂ ਦੀ ਵੀ ਜ਼ਿੱਮੇਦਾਰੀ ਹੈ । ਇਸ'ਤੇ ਅਮਲ ਕਰਨ ਤੇ ਕਰਾਉਣ ਲਈ ਹਰ ਮੈਂਬਰ ਮਜਲਿਸੇ ਸ਼ੂਰਾ ਅਤੇ ਹਰ ਪਧੱਰ ਦੇ ਉਹਦੇਦਾਰਾਂ ਨੂੰ ਭਰਪੂਰ ਜਤਨ ਕਰਨਾ ਚਾਹੀਦਾ ਹੈ । ਕੇਵਲ ਇਹ ਨ ਸਮਝਣ ਕਿ ਕਿਉਂਕਿ ਇਹ ਸੁਝਾਅ ਪ੍ਰਚਾਰ ਨਾਲ ਸੰਬੰਧਤ ਹੈ ਇਸ ਲਈ ਕੇਵਲ ਸੈਕ੍ਰੇਟਰੀ ਪ੍ਰਚਾਰ ਹੀ ਇਸ ਦਾ ਜ਼ਿੱਮੇਦਾਰ ਹੈ ਕਿ ਕੰਮ ਕਰੇ ਜਾਂ ਕਿਸੇ ਵੀ ਦੂਜੇ ਵਿਭਾਗ ਬਾਰੇ ਜੇਕਰ ਕੋਈ ਸੁਝਾਅ ਹੈ ਤਾਂ ਸੰਬੰਧਤ ਸੈਕ੍ਰੇਟਰੀ ਜ਼ਿੱਮੇਦਾਰ ਹੈ । ਨਿਸ਼ਚੇ ਹੀ ਇਸ ਉਪੱਰ ਅਮਲ ਕਰਨ ਲਈ ਸੰਬੰਧਤ ਸੈਕ੍ਰੇਟਰੀ ਹੀ ਜ਼ਿੱਮੇਦਾਰ ਹਨ ਪਰ ਵਿਸ਼ੇਸ਼ ਰੂਪ ਵਿੱਚ ਪ੍ਰਚਾਰ ਅਤੇ ਤਰਬੀਯਤ ਦੇ ਵਿਭਾਗ ਅਜਿਹੇ ਹਨ ਕਿ ਇਸ ਵਿੱਚ ਜਮਾਤ ਦੇ ਹਰ ਉਹਦੇਦਾਰ ਦਾ ਹਰ ਪਧੱਰ ਦੇ ਉਹਦੇਦਾਰਾਂ ਦਾ ਸ਼ਾਮਲ ਹੋਣਾ ਅਤੇ ਆਪਣਾ ਨਮੂਨਾ ਦਿਖਾਉਣਾ ਜ਼ਰੂਰੀ ਹੈ । ਇਸ ਸਮੇਂ ਮੈਂ ਕਿਉਂਕਿ ਪ੍ਰਚਾਰ ਨਾਲ ਸੰਬੰਧਤ ਗੱਲ ਕਰਨਾ ਚਾਹੁੰਦਾ ਹਾਂ ਇਸ ਲਈ ਇਸ ਹਵਾਲੇ ਨਾਲ ਮੈਂ ਹਰ ਉਹਦੇਦਾਰ ਨੂੰ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਉਹ ਆਪਣੇ ਸੈਕ੍ਰੇਟਰੀ ਪ੍ਰਚਾਰ ਵਿਭਾਗ ਨਾਲ ਇਸ ਸੁਝਾਅ'ਤੇ ਜਮਾਤਾਂ ਵਿੱਚ ਅਮਲ ਕਰਾਉਣ ਲਈ ਆਪਣਾ ਭਰਪੂਰ ਯੋਗਦਾਨ ਦੇਣ । ਆਪ ਇਸ ਦਾ ਹਿਸੱਾ ਬਣਕੇ ਜਮਾਤ ਦੇ ਲੋਕਾਂ ਲਈ ਨਮੂਨਾ ਪੇਸ਼ ਕਰਨ । ਕੋਈ ਵੀ ਉਹਦੇਦਾਰ ਹੋਵੇ ਕਿਸੇ ਨ ਕਿਸੇ ਰੂਪ ਵਿੱਚ ਪ੍ਰਚਾਰ ਵਿੱਚ ਭਾਗ ਲੈ ਸਕਦਾ ਹੈ ਅਤੇ ਜੇਕਰ ਉਹਦੇਦਾਰ ਹਿਸੱਾ ਲੈ ਰਹੇ ਹੋਣ ਤਾਂ ਜਮਾਤ ਦੇ ਲੋਕਾਂ ਸਾਹਮਣੇ ਨਮੂਨੇ ਕਾਇਮ ਕਰ ਰਹੇ ਹੋਣਗੇ ਅਤੇ ਬਹੁਤ ਸਾਰੇ ਅਹਮਦੀ ਅਜਿਹੇ ਹੋਣਗੇ ਜੋ ਬਿਨਾ ਆਖਿਆਂ ਹੀ, ਬਿਨਾ ਵਿਸ਼ੇਸ਼ ਧਿਆਨ ਦੁਆਇਆਂ ਹੀ, ਆਪਣੇ ਆਪ ਹੀ ਇਹਨਾਂ ਨਮੂਨਿਆਂ ਨੂੰ ਦੇਖਕੇ ਇਸ ਫ਼ਰੇਮਵਰਕ ਨੂੰ ਪੂਰਾ ਕਰਨ ਲਈ ਇਸਲਾਮ ਦਾ ਵਾਸਤਵਿਕ ਸੰਦੇਸ਼ ਪਹੁੰਚਾਉਣ ਦੇ ਜਤਨ ਵਿੱਚ ਸ਼ਾਮਲ ਹੋ ਜਾਣਗੇ । ਕਈ ਵਿਭਾਗਾਂ ਕੋਲ ਉਂਝ ਵੀ ਆਪਣੇ ਵਿਭਾਗ ਦਾ ਬਹੁਤਾ ਕੰਮ ਨਹੀਂ ਹੁੰਦਾ ਉਹ ਬਹੁਤਾ ਸਮਾਂ ਵੀ ਦੇ ਸਕਦੇ ਹਨ, ਕੇਵਲ ਨੀਯਤ ਤੇ ਨਿਸ਼ਚੇ ਦੀ ਲੋੜ ਹੈ । ਬਹਿਰਹਾਲ ਨੈਸ਼ਨਲ ਸੈਕ੍ਰੇਟਰੀ ਪ੍ਰਚਾਰ ਦਾ ਕੰਮ ਹੈ ਕਿ ਜੋ ਫ਼ਰੇਮਵਰਕ ਬਣਾਇਆ ਗਿਆ ਹੈ ਉਹ ਹਰ ਲੋਕਲ ਜਮਾਤ ਦੇ ਸੈਕ੍ਰੇਟਰੀ ਪ੍ਰਚਾਰ ਤੱਕ ਪਹੁੰਚਣਾ ਚਾਹੀਦਾ ਹੈ ਅਤੇ ਫਿਰ ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇ ਕਿ ਜਮਤਾਂ ਦੇ ਹਰ ਵਿਅਕਤੀ ਤੱਕ ਫ਼ਰੇਮਵਰਕ (ਕਾਰਜਯੋਜਨਾ) ਦਾ ਉਹ ਭਾਗ ਜੋ ਪ੍ਰਬੰਧਕੀ ਨਹੀਂ ਹੈ ਸਗੋਂ ਲੋਕਾਂ ਨਾਲ ਸੰਬੰਧ ਰਖੱਦਾ ਹੈ ਉਹਨਾਂ ਤੱਕ ਪਹੁੰਚ ਜਾਵੇ । ਪਰ ਸਭ ਤੋਂ ਵੱਧਕੇ ਇਹ ਕਿ ਜੋ ਆਇਤ ਪੜ੍ਹੀ ਗਈ ਹੈ ਇਸ ਵਿੱਚ ਰੱਬ ਨੇ ਜੋ ਸਾਡਾ ਮਾਰਗ ਦਰਸ਼ਨ ਕੀਤਾ ਹੈ ਉਸ ਨੂੰ ਸਮਝੀਏ ਅਤੇ ਉਸ ਅਨੁਸਾਰ ਹਰ ਸੈਕ੍ਰੇਟਰੀ ਪ੍ਰਚਾਰ ਅਮਲ ਕਰੇ, ਹਰ ਉਹਦੇਦਾਰ ਅਮਲ ਕਰੇ, 'ਦਾਈਆਨ ਇਲਲੱਾਹ' (ਰੱਬ ਦੇ ਮਾਰਗ ਲਈ ਕੰਮ ਕਰਨ ਵਾਲੇ) ਵਿਸ਼ੇਸ਼ ਰੂਪ ਵਿੱਚ ਕਰਨ । ਰੱਬ ਨੇ ਜਿਸ ਗੱਲ ਵੱਲ ਧਿਆਨ ਦੁਆਇਆ ਹੈ, ਉਸ ਵਿੱਚ ਸਭ ਤੋਂ ਪਹਿਲਾਂ 'ਦਾਨਾਈ' ਹੈ ਫਿਰ 'ਮੁਇਜ਼ਾਤੁਲ ਹਸਨਾ' ਅਰਥਾਤ ਚੰਗੀ ਨਸੀਹਤ । ਫਿਰ ਫ਼ਰਮਾਇਆ ਬਹਿਸ ਵਿੱਚ ਅਜਿਹੀ ਦਲੀਲ ਦੀ ਵਰਤੋਂ ਕਰੋ ਜੋ ਬਿਹਤਰੀਨ ਹੋਵੇ । ਅੱਜ ਕੱਲ ਨਾਂ ਨਿਹਾਦ ਮੋਲਵੀਆਂ ਨੇ ਅਤੇ

ਆਤੰਕੀ ਦਲਾਂ ਨੇ ਅਤੇ ਤੰਜ਼ੀਮਾ ਨੇ ਆਪਣੇ ਜਨੂਨੀ ਪਨ ਅਤੇ ਬਿਨਾ ਦਾਨਾਈ, ਅਕਲ ਤੇ ਦਲੀਲਾਂ ਰਹਿਤ ਗਲੱਾਂ ਨਾਲ ਇਸਲਾਮ ਨੂੰ ਐਨ੍ਹਾ ਬਦਨਾਕ ਕਰ ਦਿਤੱਾ ਹੈ ਕਿ ਗ਼ੈਰ ਮੁਸਲਿਮ ਦੁਨੀਆ ਸਮਝਦੀ ਹੈ ਕਿ ਇਸਲਾਮ ਦਾਨਾਈ ਤੇ ਸਮਝਦਾਰੀ ਤੋਂ ਸਖਣਾ ਧਰਮ ਹੈ ਅਤੇ ਬੇਅਕਲਾਂ ਤੇ ਬੇਵਕੂਫ਼ਾਂ ਦਾ ਧਰਮ ਹੈ (ਨਊਜ਼ਬਿਲੱਾਹ) ਅਤੇ ਕੇਵਲ ਆਤੰਕ ਹੀ ਇਸ ਦੀ ਸਿੱਖਿਆ ਹੈ । ਅਜਿਹੀ ਅਵਸਥਾ ਵਿੱਚ ਰੱਬ ਦੇ ਇਸ ਫ਼ਰਮਾਨ ਅਨੁਸਾਰ ਪ੍ਰਚਾਰ ਕਰਨਾ ਅਤੇ ਪ੍ਰਚਾਰਕ ਰਾਬਤੇ ਕਰਨੇ ਹਰ ਅਹਮਦੀ ਦਾ ਇਕ ਬਹੁਤ ਹੀ ਮਹਤੱਵਪੂਰਨ ਜ਼ਿੱਮੇਦਾਰੀ ਹੈ ।

ਸੋ, ਅਜਿਹੇ ਹਾਲਾਤਾਂ ਵਿੱਚ ਸਾਨੂੰ ਅਨੁਮਾਨ ਹੋ ਜਾਣਾ ਚਹੀਦਾ ਹੈ ਕਿ ਕਿੰਨ੍ਹੀ ਮਿਹਨਤ ਨਾਲ ਸਾਨੂੰ ਰੱਬ ਦੇ ਦੱਸੇ ਹੋਏ ਤਰੀਕਿਆਂ ਅਨੁਸਾਰ ਪ੍ਰਚਾਰ ਕਰਨਾ ਚਾਹੀਦਾ ਹੈ । ਰੱਬ ਨੇ ਸਭ ਤੋਂ ਪਹਿਲਾਂ ਜੋ ਗੱਲ ਵਰਨਣ ਕੀਤੀ ਉਹ ਦਾਨਾਈ (ਸਮਝਦਾਰੀ) ਨਾਲ ਪ੍ਰਚਾਰ ਹੈ । ਇਹ ਦਾਨਾਈ ਕੀ ਚੀਜ਼ ਹੈ ? ਦਾਨਾਈ ਦੇ ਬਹੁਤ ਵਿਸ਼ਾਲ ਅਰਥ ਹਨ ਅਤੇ ਸਫ਼ਲ ਪ੍ਰਚਾਰ ਲਈ ਜ਼ਰੂਰੀ ਹੈ ਕਿ ਇਸ ਦੇ ਅਰਥਾਂ ਦੀ ਜਾਣਕਾਰੀ ਹੋਵੇ ਤਾਂ ਜੋ ਆਪਣੇ ਪ੍ਰਚਾਰ ਦੀਆਂ ਗਲੱਾਂ ਵਿੱਚ ਇਸ ਨੂੰ ਸਾਹਮਣੇ ਰੱਖੀਏ । ਦਾਨਾਈ ਦਾ ਇਕ ਅਰਥ ਹੈ ਗਿਆਨ, ਪ੍ਰਚਾਰ ਕਰਨ ਲਈ ਗਿਆਨ ਵੀ ਹੋਣਾ ਚਾਹੀਦਾ ਹੈ । ਕਈ ਲੋਕ ਕਹਿ ਦਿੰਦੇ ਹਨ ਕਿ ਸਾਡੇ ਗੋਲ ਗਿਆਨ ਨਹੀਂ ਹੈ ਇਸ ਲਈ ਅਸੀਂ ਪ੍ਰਚਾਰ ਨਹੀਂ ਕਰ ਸਕਦੇ । ਇਸ ਯੁੱਗ ਵਿੱਚ ਇਹ ਬਹਾਨਾ ਕੋਈ ਅਰਥ ਨਹੀਂ ਰਖੱਦਾ ਸਾਨੂੰ ਵਿਦਿਅਕ ਪੱਖੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਅਜਿਹੀਆਂ ਦਲੀਲਾਂ ਨਾਲ ਲੈਸ ਕਰ ਦਿਤੱਾ ਹੈ ਅਤੇ ਜਮਾਤੀ ਲਿਟ੍ਰੇਚਰ ਵਿੱਚ ਇਸ ਗਿਆਨ ਨੂੰ ਉਪਲਭਧ ਕਰ ਦਿਤੱਾ ਹੈ ਕਿ ਮਮੂਲੀ ਜਤਨ ਨਾਲ ਵੀ ਵਾਹਵਾ ਕਿਸੇ ਹੱਦ ਤੱਕ ਵਿਦਿਅਤ ਯੋਗਤਾ ਆ ਜਾਂਦੀ ਹੈ । ਸੋ, ਇਕ ਤਾਂ ਪਹਿਲਾਂ ਆਪਣਾ ਗਿਆਨ ਵਧਾਉਣ ਦੀ ਲੋੜ ਹੈ ਦੂਜਾ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਸ ਸਮੇਂ ਸਾਡੇ ਲਿਟ੍ਰੇਚਰ ਅਤੇ ਵੈਬਸਾਈਟ ਵਿੱਚ ਕਿੱਥੇ ਇਸ ਵਿਦਿਅਤ ਉੱਤਰ ਤੇ ਵਿਸ਼ੇ ਉਪਲਭਧ ਹਨ । ਵੱਖ ਵੱਖ ਧਰਮਾਂ ਨਾਲ ਸੰਬੰਧ ਰਖੱਣ ਵਾਲਿਆਂ ਨਾਲ ਅਤੇ ਰੱਬ ਦੇ ਵਜੂਦ ਦਾ ਇਨਕਾਰ ਕਰਨ ਵਾਲਿਆਂ ਨਾਲ ਉਹਨਾਂ ਦੀ ਸੋਚ ਅਨੁਸਾਰ ਉਹਨਾਂ ਦੇ ਵਿਚਾਰਾਂ ਅਨੁਸਾਰ ਉਹਨਾਂ ਦੀਆਂ ਦਲੀਲਾਂ ਅਨੁਸਾਰ, ਫਿਰ ਸਾਨੂੰ ਦਲੀਲਾਂ ਦੇਣੀਆਂ ਹੋਣਗੀਆਂ ।

ਫਿਰ ਦਾਨਾਈ ਦੇ ਅਰਥ ਇਹ ਵੀ ਹਨ ਕਿ ਠੋਸ ਤੇ ਪੱਕੀ ਗੱਲ ਹੋਵੇ ਅਜਿਹੀ ਦਲੀਲ ਹੋਵੇ ਜੋ ਆਪ ਠੋਸ ਹੋਵੇ ਨ ਕਿ ਉਸ ਦਲੀਲ ਨੂੰ ਸਾਬਤ ਕਰਨ ਲਈ ਸਾਨੂੰ ਹੋਰ ਦਲੀਲਾਂ ਦੇਣੀਆਂ ਪੈਣ, ਉਹਨਾਂ ਨੂੰ ਹੋਰ ਵਧੇਰੇ ਸਾਬਤ ਕਰਨਾ ਪਏ । ਸੋ, ਲੰਮੀਆਂ ਬਹਿਸਾਂ ਵਿੱਚ ਪੈਣ ਦੀ ਥਾਂ ਜਾਇਜ਼ਾ ਲੈਕੇ ਦੇਖਕੇ ਫਿਰ ਉਹਨਾਂ ਨੂੰ ਠੋਸ ਦਲੀਲ ਨਾਲ ਰੱਦ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਫਿਰ ਇਹ ਵੀ ਪ੍ਰਚਾਰ ਵਿਭਾਗ ਦਾ ਕੰਮ ਹੈ ਕਿ ਆਪਣੇ ਹਾਲਾਤਾਂ ਅਨੁਸਾਰ ਅਜਿਹੇ ਇਤਰਾਜ਼ਾਂ ਅਤੇ ਉਹਨਾਂ ਦੇ ਰੱਦ ਦੀਆਂ ਦਲੀਲਾਂ ਇਕਤੱਰ ਕਰਕੇ ਫਿਰ ਜਮਾਤਾਂ ਨੂੰ ਉਪਲਭਧ ਕਰਨ ਤਾਂ ਜੋ ਵੱਦ ਤੋਂ ਵੱਧ ਲੋੜਕਾਂ ਨੂੰ ਵਿਦਿਅਕ, ਠੋਸ ਅਤੇ ਪੱਕੀਆਂ ਦਲੀਲਾਂ ਇਤਰਾਜ਼ਾਂ ਦੇ ਰੱਦ ਵਿੱਚ ਉਪਲਭਧ ਹੋ ਸਕਣ ।

ਫਿਰ ਹਿਕਮਤ (ਦਾਨਾਈ) ਦਾ ਇਕ ਇਹ ਅਰਥ ਵੀ ਹੈ ਕਿ ਅਜਿਹੇ ਇਤਰਾਜ਼ ਨਹੀਂ ਕਰਨੇ ਚਾਹੀਦੇ ਜੋ ਪਰਤਕੇ ਸਾਡੇ ਉਪੱਰ ਵੀ ਪੈ ਸਕਦੇ ਹੋਣ । ਰੱਬ ਦੀ ਮਿਹਰ ਨਾਲ ਜਮਾਤ ਅਹਮਦੀਆ ਵਿੱਚ ਸਾਧਾਰਣ ਤੌਰ'ਤੇ ਅਜਿਹੀ ਕੋਈ ਗੱਲ ਨਹੀਂ ਹੁੰਦੀ ਪਰ ਸਾਧਾਰਣ ਦੂਜੇ ਮੁਸਲਮਾਨ ਜੋ ਹਨ ਜਾਂ ਦੂਜੇ ਧਰਮਾਂ ਦੇ ਲੋਕ ਜੋ ਹਨ ਉਹਨਾਂ ਵਿੱਚ ਇਹ ਗੱਲ ਦੇਖਣ ਵਿੱਚ ਆ ਜਾਂਦੀ ਹੈ । ਮੁਸਲਮਾਨ ਜੋ ਸਾਡੇ ਵਿਰੁਧ ਹਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਅਜਿਹੇ ਇਤਰਾਜ਼ ਕਰ ਦਿੰਦੇ ਹਨ ਜੋ ਬਾਕੀ ਨਬੀਆਂ ਉਪੱਰ ਵੀ ਪੈਂਦੇ ਹਨ । ਸੋ, ਇਸ ਬਾਰੇ ਵੀ ਪ੍ਰਚਾਰਕ ਵਿਭਾਗ ਨੂੰ ਅਜਿਹੇ ਇਤਰਾਜ਼ਾਂ ਅਤੇ ਉਤੱਰ ਇਕਤੱਰ ਕਰਨੇ ਚਾਹੀਦੇ ਹਨ ਅਤੇ ਉਪਲਭਧ ਕਰਾਉਣੇ ਚਾਹੀਦੇ ਹਨ ਜਮਾਤਾਂ ਨੂੰ ।

ਜੇਕਰ ਵੱਧ ਤੋਂ ਵੱਧ ਲੋਕਾਂ ਨੂੰ ਪ੍ਰਚਾਰ ਦੇ ਕੰਮ ਵਿੱਚ ਲਾਉਂਣਾ ਹੈ ਤਾਂ ਇਹ ਮਿਹਨਤ ਇਸ ਵਿਭਾਗ ਨੂੰ ਕਰਨੀ ਪਏਗੀ । ਖਰਚ ਵੀ ਕਰਨਾ ਪਏਗਾ । ਇਸੇ ਪ੍ਰਕਾਰ ਹਿਕਮਤ (ਦਾਨਾਈ) ਦੇ ਅਰਥ 'ਹਿਲਮ' (ਹਲੀਮੀ) ਤੇ ਨਰਮੀ ਦੇ ਵੀ ਹਨ । ਸੋ ਪ੍ਰਚਾਰ ਵਿੱਚ ਨਰਮੀ ਤੇ ਅਕਲ ਨਾਲ ਕੰਮ ਲੈਂਣ ਦੀ ਬਹੁਤ ਲੋੜ ਹੈ । ਗੁਸੱਾ ਅਤੇ ਤੇਜ਼ੀ ਵਿੱਚ ਗੱਲ ਕਰਨ ਨਾਲ ਦੂਜਿਆਂ ਉਪੱਰ ਨਕਾਰਾਤਮਕ ਪ੍ਰਭਾਵ ਪੈਂਦਾ ਹੈ ਅਤੇ ਸਮਝਦੇ ਹਨ ਕਿ ਦਲੀਲ ਕੋਈ ਨਹੀ, ਇਸੇ ਲਈ ਗੁੱਸੇ ਵਿੱਚ ਉਤੱਰ ਦਿਤੱਾ ਜਾ ਰਿਹਾ ਹੈ । ਜੋ ਗੁਸੱਾ ਦਿਖਾਏ ਉਸ ਨਾਲ ਵੀ ਨਰਮੀ ਨਾਲ ਗੱਲ ਕਰਨੀ ਚਾਹੀਦੀ ਹੈ ।

ਫਿਰ ਹਿਕਮਤ (ਦਾਨਾਈ) ਦੇ ਇਕ ਅਰਥ 'ਨਬੁਵੱਤ' ਦੇ ਵੀ ਹਨ ਸੋ, ਇਸ ਪੱਖੋਂ ਬਹਿਸ ਕਰਨ ਤੇ ਦਲੀਲਾਂ ਦੇਣ ਦਾ ਅਰਥ ਇਹ ਹੈ ਕਿ ਸਾਨੂੰ ਕੁਰਆਨ ਕਰੀਮ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਉਤਰਿਆ ਉਸ ਦੀਆਂ ਦਲੀਲਾਂ ਤੇ ਉਸ ਦੀ ਸਿੱਖਿਆ ਅਨੁਸਾਰ ਪ੍ਰਚਾਰ ਕਰਨਾ ਚਾਹੀਦਾ ਹੈ । ਮੈਂ ਦੇਖਿਆ ਹੈ ਕਿ ਜੱਦ ਕੁਰਆਨ ਕਰੀਮ ਦੀਆਂ ਆਇਤਾਂ ਦੇ ਚਾਨ੍ਹਣੇ ਵਿੱਚ ਗੱਲ ਕੀਤੀ ਜਾਵੇ ਤਾਂ ਫਿਰ ਬਹੁਤ ਚੰਗਾ ਪ੍ਰਭਾ ਪੈਂਦਾ ਹੈ ।

ਫਿਰ ਇਸ ਦਾ ਇਕ ਅਰਥ ਇਹ ਵੀ ਹੈ ਕਿ ਜਹਾਲਤ (ਮੂਰਖਤਾ) ਤੋਂ ਰੋਕਣਾ । ਸੋ, ਅਜਿਹੇ ਤਰੀਕੇ ਨਾਲ ਗੱਲ ਕਰਨੀ ਚਾਹੀਦੀ ਹੈ ਜੋ ਦੂਜਿਆਂ ਨੂੰ ਅਸਾਨੀ ਨਾਲ ਸਮਝ ਆ ਜਾਵੇ ਅਤੇ ਉਸ ਦੀ ਮੂਰਖਤਾਂ ਨੂੰ ਦੂਰ ਕਰਨ ਵਾਲੀ ਹੋਵੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਵੀ ਇਹ ਫ਼ਰਮਾਇਆ ਹੈ ਕਿ ਲੋਕਾਂ ਦੀ ਸਮਝਦਾਰੀ ਤੇ ਯੋਗਤਾ ਅਨੁਸਾਰ ਉਹਨਾਂ ਨਾਲ ਗੱਲ ਕਰੋ । ਫਿਰ ਇਸ ਦਾ ਅਰਥ ਇਹ ਵੀ ਹੈ ਕਿ ਹੱਕ ਅਨੁਸਾਰ ਸਚੱਾਈ ਅਨੁਕੂਲ ਗੱਲ ਕਰਨੀ ਚਾਹੀਦੀ ਹੈ । ਹਮੇਸ਼ਾਂ ਸੱਚੀ ਤੇ ਵਾਕਿਆ ਅਨੁਸਾਰ ਗੱਲ ਕਰਨੀ ਚਾਹੀਦੀ ਹੈ । ਇਹ ਨਹੀਂ ਕਿ ਦੂਜਿਆਂ ਨੂੰ ਪ੍ਰਭਾਵਤ ਕਰਨ ਲਈ ਸਚੱਾਈ ਤੇ ਵਾਕਿਆ (ਘਟਨਾ) ਤੋਂ ਪਰ੍ਹੇ ਹਟੱਕੇ ਗੱਲ ਕੀਤੀ ਜਾਵੇ । ਅਜਿਹੀ ਗੱਲਾਂ ਜੋ ਸਚੱਾਈ ਦੀ ਘਟਨਾ ਦੇ ਵਿਪਰੀਤ ਹੋਣ ਫਿਰ ਗ਼ਲਤ ਪ੍ਰਭਾਵ ਪਾਉਂਦੀਆਂ ਹਨ ਕਿਉਂਕਿ ਕਿਸੇ ਨ ਕਿਸੇ ਸਮੇਂ ਅਸਲ ਗੱਲ ਪ੍ਰਕਟ ਹੋ ਜਾਂਦੀ ਹੈ । ਇਸ ਲਈ ਹਮੇਸ਼ਾਂ ਸੱਚੀ ਗੱਲ ਅਤੇ ਹਕੀਕੀਤ ਅਨੁਸਾਰ ਗੱਲ ਕਰਨੀ ਚਾਹੀਦੀ ਹੈ ।

ਫਿਰ ਹਿਕਮਤ (ਦਾਨਾਈ) ਮੌਕਾ ਮਹਿਲ ਅਨੁਸਾਰ ਗੱਲ ਕਰਨ ਨੂੰ ਵੀ ਕਹਿੰਦੇ ਹਨ ਅਰਥਾਤ ਜੇਕਰ ਇਹ ਵਿਚਾਰ ਹੋਵੇ ਕਿ ਇਕ ਦਲੀਲ ਨਾਲ ਵਿਰੋਧੀ ਨੂੰ ਗੁਸੱਾ ਆਉਣ ਅਤੇ ਉਸ ਦੇ ਚਿੜ੍ਹ ਜਾਣ ਦਾ ਖ਼ਤਰਾ ਹੈ ਅਤੇ ਫਿਰ ਬਜਾਏ ਪ੍ਰਚਾਰਕ ਵਿਚਾਰ ਵਟਾਂਦਰਾ ਕਰਨ ਦੇ ਲੜਈ ਝਗੜਾ ਅਤੇ ਦੂਰੀਆਂ ਵਧੱਣ ਦਾ ਖ਼ਤਰਾ ਹੈ ਤਾਂ ਫਿਰ ਅਜਿਹੀ ਦਲੀਲ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਅਜਿਹੀ ਦਲੀਲ ਦੇਣੀ ਚਾਹੀਦੀ ਹੈ ਜੋ ਮੌਕੇ ਅਨੁਸਾਰ ਵੀ ਹੋਵੇ ਅਤੇ ਦੂਜਿਆਂ ਦੇ ਸੁਭਾਵ ਅਨੁਸਾਰ ਵੀ ਹੋਵੇ ਅਤੇ ਦੂਰੀਆਂ ਵਧਾਉਣ ਦੀ ਥਾਂ ਨੇੜਤਾ ਲਿਆਉਣ ਦਾ ਸਬਬ ਹੋਵੇ ।

ਮੌਕਾ ਮਹਿਲ ਤੇ ਸੁਭਾਵ ਦੀ ਸ਼ਨਾਖ਼ਤ ਵੀ ਪ੍ਰਚਾਰ ਲਈ ਬਹੁਤ ਜ਼ਰੂਰੀ ਹੈ ਅਤੇ ਇਹ ਇਸ ਗੱਲ ਦਾ ਤਕਾਦਾ ਕਰਦੀ ਹੈ ਕਿ ਪ੍ਰਚਾਰ ਵਿੱਚ ਜਿੱਥੇ ਸੰਕਲਪ ਜ਼ਰੂਰੀ ਹੈ ਓਥੇ ਵਿਕਅਤੀਗੱਤ ਰਾਬਤਿਆਂ ਨੂੰ ਵਧਾਉਣ ਦੀ ਵੀ ਲੋੜ ਹੈ ਵਿਅਕਤੀਗੱਤ ਰਾਬਤਿਆਂ ਨਾਲ ਹੀ ਦੂਜਿਆਂ ਦੇ ਸੁਭਾਵ ਦੀ ਜਾਣਕਾਰੀ ਹੋ ਸਕਦੀ ਹੈ । ਸੋ, ਸਾਨੂੰ ਆਪਣੀਆਂ ਪ੍ਰਚਾਰਕ ਸਰਗਰਮੀਆਂ ਵਿੱਚ ਇਕ ਲੜੀਵਾਰਤਾ ਪੈਦਾ ਕਰਨ ਦੀ ਲੋੜ ਹੈ । ਇਹ ਨਹੀਂ ਕਿ ਸਾਲ ਵਿੱਚ ਇਕ ਦੋ ਵਾਰ ਪ੍ਰਚਾਰਕ ਸਪਤਾਹ ਮਨਾਇਆ ਲਿਟ੍ਰੇਚਰ ਸੜਕਾਂ'ਤੇ ਖਲੋਕੇ ਵੰਡ ਦਿਤੱਾ ਅਤੇ ਸਮਝ ਲਿਆ ਕਿ ਪ੍ਰਚਾਰ ਦਾ ਹੱਕ ਪੂਰਾ ਹੋ ਗਿਆ । ਦੁਨੀਆ ਦੇ ਜੋ ਹਾਲਾਤ ਹਨ ਉਹਨਾਂ ਨੂੰ ਹੁਣ ਦੁਨੀਆ ਨੂੰ ਦਸੱਣ ਲਈ ਸਾਨੂੰ ਖੁਲੱਕੇ ਸਾਰਿਆਂ ਨੂੰ ਦਸੱਣਾ ਹੋਵੇਗਾ ਕਿ ਇਹ ਹਾਲਾਤ ਤੁਹਾਡੇ ਦੁਨੀਆਦਾਰੀ ਵਿੱਚ ਡੁਬੱਣ ਕਰਕੇ ਹੋ ਰਹੇ ਹਨ ਰੱਬ ਦੀ ਨਰਾਜ਼ਗੀ ਕਰਕੇ ਹੋ ਰਹੇ ਹਨ ਇਸ ਲਈ ਇਹ ਹੀ ਮਾਰਗ ਹੈ ਰੱਬ ਵੱਲ ਆਓ ਅਤੇ ਸੱਚੇ ਧਰਮ ਦੀ ਭਾਲ ਕਰੋ । 'ਮੁਅਜ਼ੱਤੁਲ ਹਸਨਾ' (ਚੰਗੀ

ਨਸੀਹਤ) ਦਾ ਜੋ ਪ੍ਰਚਾਰ ਦਾ ਹੁਕੁਮ ਹੈ ਓਹ ਹਿਕਮਤ (ਦਾਨਾਈ) ਨਾਲ ਪ੍ਰਚਾਰ ਦੇ ਅਰਥਾ ਵਿੱਚ ਵੀ ਆ ਗਿਆ ਅਰਥਾਤ ਨਰਮੀ ਅਤੇ ਮਨ ਉਪੱਰ ਪ੍ਰਭਾਵ ਕਰਨ ਵਾਲੇ ਰੂਪ ਵਿੱਚ ਪ੍ਰਚਾਰ ਕੀਤਾ ਜਾਵੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਰੱਬ ਨੇ 'ਹਿਕਮਤ' (ਦਾਨਾਈ) ਅਤੇ ਚੰਗੀ ਨਸੀਹਤ ਅਤੇ ਠੋਸ ਦਲੀਲ ਨਾਲ ਜੋ ਪ੍ਰਚਾਰ ਦਾ ਆਦੇਸ਼ ਦਿਤੱਾ ਹੈ ਉਸ ਅਨੁਸਾਰ ਚਲੱਣਾ ਸਾਡਾ ਕੰਮ ਹੈ ਅਤੇ ਸਥਾਈ ਸੁਭਾਵ ਦੇ ਨਾਲ ਇਸ ਨੂੰ ਕਰਦੇ ਚਲੇ ਜਾਣਾ ਹੈ ਸਾਡਾ ਕੰਮ । ਇਸ ਦੇ ਸਿੱਟੇ, ਰੱਬ ਨੇ ਫ਼ਰਮਾਇਆ ਹੈ ਕਿ ਮੈਂ ਪੈਦਾ ਕਰਨੇ ਹਨ, ਕਿਸਨੇ ਗੁਮਰਾਹੀ ਵਿੱਚ ਭਟੱਕਣਾ ਹੈ ਅਤੇ ਕਿਸਨੇ ਸੁਮਾਰਗ ਪ੍ਰਾਪਤ ਕਰਨਾ ਹੈ, ਇਹ ਗਲੱਾਂ ਰੱਬ ਦੇ ਗਿਆਨ ਵਿੱਚ ਹਨ । ਇਕ ਹੋਰ ਥਾਂ ਵੀ ਇਹ ਫ਼ਰਮਾਇਆ ਕਿ ਤੁਸੀਂ ਜ਼ਬਰਦਸਤੀ ਕਿਸੇ ਨੂੰ ਸੁਮਾਰਗ'ਤੇ ਨਹੀਂ ਲਿਆ ਸਕਦੇ, ਹਾਂ, ਤੁਹਾਡਾ ਕੰਮ ਪ੍ਰਚਾਰ ਕਰਨਾ ਹੈ ਸੰਦੇਸ਼ ਪਹੁੰਚਾਉਂਣਾ ਹੈ, ਸਚੱਾਈ ਦਾ ਸੰਦੇਸ਼ ਦੁਨੀਆ ਦੇ ਹਰ ਵਿਅਕਤੀ ਤੱਕ ਪਹੁੰਚਾਉਣਾ ਹੈ । ਇਸਲਾਮ ਦੀਆਂ ਖ਼ੂਬੀਆਂ ਅਤੇ ਸੁੰਦਰ ਸਿੱਖਿਆ ਨੂੰ ਦੂਜਿਆਂ'ਤੇ ਪ੍ਰਕਟ ਕਰਨਾ ਹੈ, ਉਹ ਕਰੀ ਜਾਓ । ਅਸੀਂ ਸਿੱਟਿਆਂ ਬਾਰੇ ਜ਼ਿੱਮੇਦਾਰ ਨਹੀਂ ਹਨ, ਸਾਡੇ ਕੋਲੋ ਜੇਕਰ ਪੁੱਛਿਆ ਜਾਵੇਗਾ ਤਾਂ ਕੇਵਲ ਐਨ੍ਹਾ ਕਿ ਕੀ ਅਸੀਂ ਸੰਦੇਸ਼ ਪਹੁੰਚਾਇਆ ਫਿਰ ਕਿਉਂ ਅਸੀਂ ਆਪਣਾ ਫ਼ਰਜ਼ ਪੂਰਾ ਨਹੀਂ ਕੀਤਾ ਅਤੇ ਕਿਉਂ ਰੱਬ ਦੀ ਹਿਦਾਇਤ ਉਪੱਰ ਅਮਲ ਕਰਦਿਆਂ ਹੋਇਆਂ ਨਹੀਂ ਕੀਤਾ । ਕਿਸੇ ਨੇ ਸੁਮਾਰਗ ਪਾਉਣਾ ਹੈ ਅਤੇ ਕਿਸ ਨੇ ਸੁਮਾਰਗ ਨਹੀਂ ਪਾਉਂਣਾ ਇਹ ਕੇਵਲ ਰੱਬ ਦੇ ਗਿਆਨ ਵਿੱਚ ਹੈ ।

ਕਹਜ਼ੂਰ ਅਨਵਰ  ਨੇ ਫ਼ਰਮਾਇਆ: ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਇਸ ਆਇਤ ਦੇ ਵਿਸਥਾਰ ਵਿੱਚ ਜੋ ਮੈਂ ਤਿਲਾਵਤ ਕੀਤੀ ਹੈ ਕਈ ਥਾਈਂ ਫ਼ਰਮਾਇਆ ਹੈ :

ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਜਾਣਦਾ ਹੈ ਕਿ ਅਸੀਂ ਕਦੇ ਵੀ ਉਤੱਰ ਦਿੰਦੇ ਸਮੇਂ ਨਰਮੀ ਤੇ ਵਿਨਮ੍ਰਤਾ ਨੂੰ ਹੱਥੋਂ ਨਹੀਂ ਜਾਣ ਦਿੰਦੇ । ਸਿਵਾਏ ਉਸ ਅਵਸਥਾ ਦੇ ਕਿ ਕਈ ਵਾਰ ਵਿਰੋਧੀਆਂ ਵੱਲੋਂ ਅਤਿਅੰਤ ਕਰੜ੍ਹੇ, ਦੁਖੱਦਾਈ ਤੇ ਫਿਤਨੇ ਫ਼ਸਾਦਾਂ ਭਰਪੂਰ ਲੇਖਣੀ ਪ੍ਰਾਪਤ ਹੋਣ ਕਰਕੇ ਕਿਸੇ ਹੱਦ ਤੱਕ ਸਮੱਸਿਆ ਦੇ ਸੁਧਾਰ ਦੇ ਉਦੇਸ਼ ਨਾਲ ਸਖ਼ਤ ਸ਼ਬਦਾ ਦੀ ਵਰਤੋਂ ਕੀਤੀ ਤਾਂ ਜੋ ਕੌਮ ਇਸ ਪ੍ਰਕਾਰ ਆਪਣਾ ਪ੍ਰਤੀਫ਼ਲ ਪ੍ਰਾਪਤ ਕਰਕੇ ਵਹਿਸ਼ੀਆਂ ਵਾਲੇ ਜੋਸ਼ ਨੂੰ ਦਬਾਈ ਰੱਖੇ । ਅਤੇ ਇਹ ਸਖ਼ਤੀ ਨ ਕਿਸੇ ਨਫ਼ਸਾਨੀ ਜੋਸ਼ ਨਾਲ ਅਤੇ ਨ ਹੀ ਕਿਸੇ ਗੁੱਸੇ ਕਰਕੇ ਹੈ ਸਗੋਂ ਕੇਵਲ ਆਇਤ ( جادلھم بالتی ھی احسن ) 'ਜਾਦਿਲ ਹੁਮ ਬਿਲੱਤੀ ਹਿਯਾ ਅਹਸਨੁ' ਉਪੱਰ ਅਮਲ ਕਰਕੇ ਇਕ ਹਿਕਮਤੇ ਅਮਲੀ (ਦਾਨਾਈ) ਦੇ ਰੂਪ ਵਿੱਚ ਵਰਤੋਂ ਵਿੱਚ ਲਿਆਂਦੀ ਗਈ ਹੈ ਅਤੇ ਉਹ ਵੀ ਉਸ ਸਮੇਂ ਕਿ ਵਿਰੋਧੀਆਂ ਵਲੋਂ ਤੌਹੀਨ ਤੇ ਅਪਮਾਨ ਅਤੇ ਬਦਜ਼ੁਬਾਨੀ ਅੰਤ ਨੂੰ ਪਹੁੰਚ ਗਏ ਅਤੇ ਸਾਡੇ ਸਯੱਦੇ ਮੌਲਾ ਅਤੇ ਸਰਵਰੇ ਕਾਇਨਾਤ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਬਾਰੇ ਅਗਿਹੇ ਗੰਦੇ ਅਤੇ ਭੜਕਾਊ ਸ਼ਬਦਾਂ ਦੀ ਵਰਤੋਂ ਲੋਕਾਂ ਨੇ ਕੀਤੀ ਕਿ ਨੇੜੇ ਸੀ ਕਿ ਫ਼ਸਾਦ ਪੈਦਾ ਹੋਵੇ ਅਸੀਂ ਇਸ ਹਿਕਮਤੇ ਅਮਲੀ (ਦਾਨਾਈ) ਨੂੰ ਵਰਤਿਆ । ਇਕ ਹੋਰ ਥਾਂ ਆਪ ਫ਼ਰਮਾਉਂਦੇ ਹਨ ਕਿ ਆਇਤ ਜਾਦਿਲ ਹੁਮ ਬਿਲੱਾਤੀ ਹਿਯਾ ਅਹਸਨੁ ਦਾ ਇਹ ਨਿਸ਼ਚਾ ਨਹੀਂ ਹੈ ਕਿ ਅਸੀਂ ਐਨ੍ਹੀ ਨਰਮੀ ਕਰਈਏ ਕਿ ਸਮਝੋਤਾ ਕਰਕੇ ਘਟਨਾ ਦੇ ਵਿਪਰੀਤ ਗੱਲ ਦੀ ਹਾਮੀ ਭਰ ਲਈਏ । ਕੀ ਅਸੀਂ ਅਜਿਹੇ ਵਿੱਅਕਤੀ ਨੂੰ ਜੋ ਰੱਬ ਹੋਣ ਦਾ ਦਾਵਾ ਕਰੇ ਅਤੇ ਸਾਡੇ ਰਸੂਲ ਸਲਲੱਾਹੁ ਅਲੈਹਿ ਵਸਲਮ ਨੂੰ ਪੇਸ਼ਗੋਈ ਦੇ ਰੂਪ ਵਿੱਚ ਝੂਠਾ ਕਰਾਰ ਦੇਵੇ (ਨਊਜ਼ਬਿਲੱਾਹ) ਅਤੇ ਹਜ਼ਰਤ ਮੂਸਾ ਦਾ ਨਾਂ ਡਾਕੂ ਰੱਖੇ ਸੁਮਾਗੀ ਕਹਿ ਸਕਦੇ ਹਾਂ । ਕੀ ਅਜਿਹਾ ਕਰਨਾ ਚੰਗਾ ਕਤਲ ਹੈ ? ਉਕੱਾ ਹੀ ਨਹੀਂ, ਸਗੋ ਮੁਨਾਫ਼ਕਾਂ ਵਾਲਾ ਤੇ ਬੇ ਇਮਾਨੀ ਦਾ ਇਕ ਭਾਗ ਹੈ

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹਨਾਂ ਚੀਜ਼ਾਂ ਦਾ ਅੰਤਰ ਹਮੇਸ਼ਾ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ। ਨਰਮੀ ਦਾ ਉਕੱਾ ਹੀ ਇਹ ਅਰਥ ਨਹੀਂ ਹੈ ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਸਮਝੌਤਾ ਕਰਕੇ ਐਨ੍ਹਾ ਡਰ ਜਾਓ ਕਿ ਕਿ ਹਾਂ ਵਿੱਚ ਹਾਂ ਮਿਲਾਉਣ ਲੱਗ ਜਾਓ ਅਤੇ ਘਟਨਾ ਦੇ ਵਿਰੁਧ ਜੋ ਗੱਲ ਹੈ ਉਸ ਦੀ ਵੀ ਹਾਮੀ ਭਰ ਦਿੱਤੀ ਜਾਵੇ । ਹਿਕਮਤ (ਦਾਨਾਈ) ਹਰ ਅਵਸਥਾ ਵਿੱਚ ਜ਼ਰੂਰੀ ਹੈ । ਜ਼ੁਬਾਨ ਦੀ ਨਰਮੀ ਤੇ ਆਚਰਣ ਵੀ ਜ਼ਰੂਰੀ ਹਨ ਪਰ ਗ਼ਲਤ ਗੱਲ ਨੂੰ ਗ਼ਲਤ ਕਹਿਣਾ ਵੀ ਜ਼ਰੂਰੀ ਹੈ । ਸੋ, ਇਸ ਗੱਲ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਹਿਕਮਤ (ਦਾਨਾਈ) ਦਾ ਅਰਥ ਬੁਜ਼ਦਿਲੀ ਨਹੀਂ ਹੈ ਜਾਂ ਆਪਣੇ ਨੇੜੇ ਲਿਆਉਣ ਲਈ ਗ਼ਲਤ ਗੱਲ ਦੀ ਤਸਦੀਕ ਕਰਨੀ ਨਹੀਂ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਕਈ ਮਾਮਲਿਆਂ ਵਿੱਚ ਅਨੇਕਾਂ ਸਿਆਸੀ ਲੀਡਰਾਂ ਦੀ ਉਧਾਰਣਾ ਦਿੰਦਿਆਂ ਹੋਇਆਂ ਫ਼ਰਮਾਇਆ : ਜੇਕਰ ਇਹ ਲੋਕ ਜੋ ਦੁਨੀਆਦਾਰ ਹਨ ਅਤੇ ਜਿੰਨ੍ਹਾ ਦਾ ਧਰਮ ਹਮੇਸ਼ਾ ਆਪਣੀ ਅਸਲ ਹਾਲਤ ਵਿੱਚ ਸਿਥਿਰ ਨਹੀਂ ਹੈ ਆਪਣੇ ਸੰਸਾਰਕ ਮਾਮਲਿਆਂ ਨੂੰ ਧਰਮ ਲਈ ਕੁਰਬਾਨ ਕਰ ਰਹੇ ਹਨ ਅਤੇ ਸਮਝੌਤਾ ਨਹੀਂ ਕਰਦੇ, ਬੁਜ਼ਦਿਲੀ ਨਹੀਂ ਦਿਖਾਉਂਦੇ ਤਾਂ ਫਿਰ ਸਾਨੂੰ ਜੋ ਅਖ਼ੀਰੀ ਤੇ ਹਮੇਸ਼ਾ ਕਾਇਮ ਰਹਿਣ ਵਾਲੀ ਸ਼ਰੀਅਤ ਨੂੰ ਮਨ੍ਹਣ ਵਾਲੇ ਹਨ ਕਿੰਨ੍ਹਾ ਮਜ਼ਬੂਤ ਇਮਾਨ ਹੋਣਾ ਚਾਹੀਦਾ ਹੈ ਅਤੇ ਆਪਣੇ ਸੰਸਾਰਕ ਸੰਬੰਧਾਂ ਵਿੱਚ ਅਤੇ ਪ੍ਰਚਾਰਕ ਸੰਬੰਧਾਂ ਵਿੱਚ ਵੀ ਦਾਨਾਈ ਨਾਲ ਠੋਸ ਦਲੀਲਾਂ ਨਾਲ ਇਹਨਾਂ ਗਲੱਾਂ ਨੂੰ ਰੱਦ ਕਰਨਾ ਚਾਹੀਦਾ ਹੈ ਨ ਕਿ ਆਪਣੇ ਸੰਸਾਰਕ ਹਿਤਾਂ ਲਈ ਇਹਨਾਂ ਚੀਜ਼ਾਂ ਤੋਂ ਡਰਨਾ ਚਾਹੀਦਾ ਹੈ । ਨ ਹੀ ਇਸ ਲਈ ਉਹਨਾਂ ਦੀ ਹਾਂ ਵਿੱਚ ਹਾਂ ਮਿਲਾਉਣੀ ਚਾਹੀਦੀ ਹੈ ਕਿ ਉਹਨਾਂ ਨਾਲ ਰਾਬਤੇ ਖ਼ਤਮ ਹੋ ਜਾਣਗੇ । ਜੇਕਰ ਹਿਕਮਤੇ ਅਮਲੀ ਨਾਲ ਗੱਲ ਕੀਤੀ ਜਾਵੇ ਤਾਂ ਕੋਈ ਰਾਬਤੇ ਖ਼ਤਮ ਨਹੀਂ ਹੁੰਦੇ । ਉਹਦੇਦਾਰਾਂ ਨੂੰ ਵਿਸ਼ੇਸ਼ ਰੂਪ ਵਿੱਚ ਇਸ ਵੱਲ ਧਿਆਨ ਕਰਨਾ ਚਾਹੀਦਾ ਹੈ । ਇਹ ਮੈਂ ਉਹਨਾਂ ਵਿੱਚ ਦੇਖਿਆ ਹੈ ਕਈ ਵਾਰ ਬੁਜ਼ਦਿਲੀ ਦਾ ਬਹੁਤਾ ਹੀ ਪ੍ਰਗਟਵਾ ਹੋ ਜਾਂਦਾ ਹੈ । ਵਿਰੋਧਤਾ ਦੀ ਕੋਈ ਬਹੁਤੀ ਪਰਵਾਹ ਨਹੀਂ ਕਰਨੀ ਚਾਹੀਦੀ, ਵਿਰੋਧਤਾ ਤਾਂ ਪ੍ਰਚਾਰ ਦੇ ਮਾਰਗ ਖੋਲਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਜਿੰਨ੍ਹੇ ਜ਼ੋਰ ਨਾਲ ਝੂਠਾ ਸਚੱਾਈ ਦੀ ਵਿਰੋਧਤਾ ਕਰਦਾ ਹੈ ਉਨ੍ਹਾ ਹੀ ਸਚੱਾਈ ਦੀ ਤਾਕਤ ਤੇਜ਼ ਹੁੰਦੀ ਹੈ । ਫ਼ਰਮਾਇਆ ਕਿ ਕਿਸਾਨਾ ਵਿੱਚ ਇਹ ਗੱਲ ਪ੍ਰਸਿੱਧ ਹੈ ਕਿ ਜਿੰਨ੍ਹਾ ਜੇਠ ਹਾੜ ਤਪਦਾ ਹੈ ਓਨ੍ਹਾ ਹੀ ਸਾਉਣ ਵਿੱਚ ਵਰ੍ਹਦਾ ਹੈ । ਫ਼ਰਮਾਇਆ ਇਹ ਇਕ ਪ੍ਰਕ੍ਰਿਤਿਕ ਦ੍ਰਿਸ਼ ਹੈ ਸਚੱਾਈ ਦੀ ਜਿੰਨ੍ਹੇ ਜ਼ੋਰ ਨਾਲ ਵਿਰੋਧਤਾ ਹੁੰਦੀ ਹੈ ਓਨ੍ਹਾਂ ਹੀ ਉਹ ਚਮਕਦੀ ਹੈ ਅਤੇ ਆਪਣੀ ਸ਼ਾਨ ਦਿਖਾਉਂਦੀ ਹੈ । ਫ਼ਰਮਾਇਆ ਕਿ ਅਸੀਂ ਆਪ ਅਜ਼ਮਾ ਕੇ ਦੇਖਿਆ ਹੈ ਜਿੱਥੇ ਜਿੱਥੇ ਸਾਡੇ ਬਾਰੇ ਬਹੁਤਾ ਰੌਲ੍ਹਾ ਪਿਆ ਹੈ ਓਥੇ ਇਕ ਜਮਾਤ ਤਿਆਰ ਹੋ ਗਈ ਹੈ ਅਤੇ ਜਿੱਥੇ ਲੋਕ ਇਸ ਗੱਲ ਨੂੰ ਸੁਣਕੇ ਚੁੱਪ ਹੋ ਜਾਂਦੇ ਹਨ ਓਥੇ ਬਹੁਤੀ ਤਰੱਕੀ ਨਹੀਂ ਹੁੰਦੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਵਿਰੋਧਤਾਵਾਂ ਜਾਂ ਦੁਨੀਆਦਾਰਾਂ ਵੱਲੋਂ ਕਿਸੇ ਪ੍ਰਕਾਰ ਦਾ ਖ਼ੌਫ਼ ਨਹੀਂ ਹੋਣਾ ਚਾਹੀਦਾ, ਪਰ ਨਾਲ ਹੀ ਹਿਕਮਤ (ਦਾਨਾਈ) ਵੀ ਜ਼ਰੂਰੀ ਹੈ । ਪ੍ਰਚਾਰ ਲਈ ਇਹ ਗੱਲ ਵੀ ਜ਼ਰੂਰੀ ਹੈ ਕਿ ਮਨੁੱਖ ਦੀ ਕਹਿਣੀ ਕਰਨੀ ਅਨੁਸਾਰ ਹੋਵੇ । ਜੋ ਕਹਿੰਦੇ ਹਨ ਉਸ'ਤੇ ਅਮਲ ਕਰਨ ਵਾਲੇ ਵੀ ਹੋਣ । ਦਾਨਾਈ ਦੀਆਂ ਗਲੱਾਂ ਵੀ ਫਿਰ ਹੀ ਮੂੰਹੋ ਨਿਕਲਦੀਆਂ ਹਨ ਅਤੇ ਦੂਜਿਆਂ ਨੂੰ ਪ੍ਰਭਾਵਤ ਕਰਦੀਆਂ ਹਨ ਜੱਦ ਕਹਿਣੀ ਤੇ ਕਰਨੀ ਇਕ ਹੋਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਵੱਲ ਧਿਆਨ ਦੁਆਉਂਦਿਆਂ ਹੋਇਆਂ ਇਕ ਮੌਕੇ ਫ਼ਰਮਾਉਂਦੇ ਹਨ ਕਿ

ਬਹੁਤ ਸਾਰੇ ਮੌਲਵੀ ਤੇ ਓਲਮਾ ਅਖਵਾਕੇ ਮੈਂਬਰਾਂ'ਤੇ ਚੜ੍ਹਕੇ ਆਪਣੇ ਆਪ ਨੂੰ ਨਾਇਬੇ ਰਸੂਲ ਅਤੇ ਵਾਰਿਸੁਲ ਅੰਬਿਆ ਠਹਿਰਾਕੇ ਨਸੀਹਤਾਂ ਕਰਦੇ ਫਿਰਦੇ ਹਨ ਕਿ ਹੰਕਾਰ ਨ ਕਰੋ, ਬਦਕਾਰੀਆਂ ਤੋਂ ਬਚੋ ਪਰ ਜੋ ਉਹਨਾਂ ਦੇ ਆਪਣੇ ਕਰਮ ਹਨ ਅਤੇ ਜੋ ਉਹਨਾਂ ਦੀਆਂ ਆਪਣੀਆ ਕਰਤੂਤਾਂ ਹਨ ਜੋ ਉਹ ਆਪ ਕਰਦੇ ਹਨ ਉਹਨਾਂ ਦਾ ਅੰਦਾਜ਼ਾ ਇਸ ਤੋਂ ਕਰ ਲਓ ਕਿ ਇਹਨਾਂ ਗੱਲਾਂ ਦਾ ਪ੍ਰਭਾਵ ਤੁਹਾਡੇ ਉਪੱਰ ਕਿੱਥੋਂ ਤੱਕ ਹੁੰਦਾ ਹੈ, ਫ਼ਰਮਾਇਆ ਕਿ ਜੇਕਰ ਇਸ ਪ੍ਰਕਾਰ ਦੇ ਲੋਕ ਕਰਮ ਰੂਪੀ ਤਾਕਤ ਰਖੱਦੇ ਅਤੇ ਕਹਿਣ ਤੋਂ ਪਹਿਲਾਂ ਆਪ ਕਰਦੇ ਤਾਂ ਕੁਰਆਨ ਕਰੀਮ ਵਿੱਚ ( لمِ تقولون ما لا تفعلون) 'ਲਿਮਾ ਤਕੂਲੂਨਾ ਮਾਲਾ ਤਫ਼ਆਲੂਨ' ਕਹਿਣ ਦੀ ਕੀ ਲੋੜ ਪੈਦੀ । ਇਹ ਆਇਤ ਹੀ ਦੱਸ ਰਹੀ ਹੈ ਕਿ ਦੁਨੀਆ ਵਿੱਚ ਕਹਿਕੇ ਆਪ ਨ ਕਰਨ ਵਾਲੇ ਮੌਜੂਦ ਸਨ ਅਤੇ ਹਨ ਅਤੇ ਹੋਣਗੇ । ਫ਼ਰਮਾਇਆ ਤੁਸੀਂ ਮੇਰੀ ਗੱਲ ਸੁਣ ਰੱਖੋ ਅਤੇ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਜਕੇ ਮਨੁੱਖ ਦੀ ਗੱਲਬਾਤ ਸਚੋਂ ਮਨੋਂ ਨ ਹੋਵੇ ਅਤੇ ਕਰਮ ਰੂਪੀ ਤਾਕਤ ਉਸ ਵਿੱਚ ਨ ਹੋਵੇ ਤਾਂ ਉਹ ਪ੍ਰਭਾਵਪੂਰਨ ਨਹੀਂ ਹੁੰਦੀ । ਇਸੇ ਤੋਂ ਹੀ ਸਾਡੇ ਨਬੀ ਕਰੀਮ ਦੀ ਸਲਲੱਾਹੁ ਅਲੈਹਿ ਵਸਲਮ ਦੀ ਸਚੱਾਈ ਸਾਬਤ ਹੁੰਦੀ ਹੈ ਕਿਉਂਕਿ ਜੋ ਸਫ਼ਲਤਾ ਅਤੇ ਮਾਨਸਕ ਪ੍ਰਭਾਵ ਉਹਨਾਂ ਦੇ ਹਿੱਸੇ ਵਿੱਚ ਆਇਆ ਉਸ ਦੀ ਕੋਈ ਉਧਾਰਣ ਮਨੁੱਖ ਦੇ ਇਤਿਹਾਸ ਵਿੱਚ ਨਹੀਂ ਹੈ ਅਤੇ ਇਸ ਸਭ ਕੁਝ ਇਸ ਲਈ ਹੋਇਆ ਕਿ ਆਪ ਦੇ ਕਹਿਣੀ ਤੇ ਕਰਣੀ ਵਿੱਚ ਸੰਪੂਰਨ ਸੰਤੁਲਨ ਸੀ ।

ਫਿਰ ਆਪ ਫ਼ਰਮਾਉਂਦੇ ਹਨ ਕਿ ਕਿ ਮੋਮਿਨ ਨੂੰ ਦੁਰੰਗੀ (ਦੋ ਰੂਪ) ਨਹੀਂ ਧਾਰਣ ਕਰਨੇ ਚਾਹੀਦੀ । ਹਮੇਸ਼ਾ ਆਪਣੀ ਕਹਿਣੀ ਤੇ ਕਰਣੀ ਨੂੰ ਠੀਕ ਰੱਖੋ ਅਤੇ ਇਸ ਵਿੱਚ ਸੰਤੁਲਨ ਦਿਖਾਓ ਕਿ ਸਹਾਬਾ ਨੇ ਆਪਣੇ ਜੀਵਨ ਵਿੱਚ ਦਿਖਾਇਆ । ਤੁਸੀਂ ਵੀ ਉਹਨਾਂ ਦੇ ਪਦਚਿੰਨ੍ਹਾ'ਤੇ ਚਲੱਕੇ ਆਪਣੀ ਸਚਾਈ ਦਾ ਨਮੂਨਾ ਦਿਖਾਓ । ਫਿਰ ਇਕ ਥਾਂ ਨਸੀਹਤ ਕਰਦਿਆਂ ਹੋਇਆਂ ਆਪ ਫ਼ਾਰਮਾਉਂਦੇ ਹਨ ਕਿ ਇਸਲਾਮ ਦੀ ਸੁਰੱਖਿਆ ਅਤੇ ਸਚੱਾਈ ਦੇ ਪ੍ਰਕਟ ਕਰਨ ਲਈ ਸਭ ਤੋਂ ਪਹਿਲਾਂ ਉਹ ਪੱਖ ਹੈ ਕਿ ਤੁਸੀਂ ਸੱਚੇ ਮੁਸਲਮਾਨਾ ਦਾ ਨਮੂਨਾ ਬਣਕੇ ਦਿਖਾਓ ਅਤੇ ਦੂਜਾ ਪੱਖ ਇਹ ਹੈ ਕਿ ਇਸ ਦੀਆਂ ਖ਼ੂਬੀਆਂ ਤੇ ਕਮਾਲ ਦੁਨੀਆ ਵਿੱਚ ਫੈਲਾਓ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪ੍ਰਚਾਰ ਲਈ ਵੀ ਆਪਣੀਆ ਹਾਲਤਾਂ ਵਿੱਚ ਪਹਿਲਾਂ ਤੋਂ ਪਾਕ ਤਬਦੀਲੀਆਂ ਪੈਦਾ ਕਰਨ ਦੀ ਲੋੜ ਹੈ ਇਸ ਸੱਚੇ ਮੁਸਲਮਾਨ ਦਾ ਨਮੂਨਾ ਜੱਦ ਮਨੁੱਖ ਬਣ ਜਾਵੇ ਤਾਂ ਫਿਰ ਪ੍ਰਸ਼ਨ ਹੀ ਨਹੀ ਕਿ ਲੋਕਾਂ ਦਾ ਧਿਆਨ ਪੈਦਾ ਨ ਹੋਵੇ । ਉਹ ਨਮੂਨਾ ਦੇਖਕੇ ਹੀ ਲੋਕਾਂ ਦਾ ਧਿਆਨ ਪੈਦਾ ਹੋ ਜਾਂਦਾ ਹੈ ਅਤੇ ਇਸ ਪ੍ਰਕਾਰ ਪ੍ਰਚਾਰ ਤੋਂ ਪਹਿਲਾਂ ਹੀ ਪ੍ਰਚਾਰ ਦੇ ਮਾਰਗ ਖੁਲੱਣੇ ਅਰੰਭ ਹੋ ਜਾਂਦੇ ਹਨ । ਅਲੱਾਹ ਤਆਲਾ ਸਾਨੂ ਇਸ ਅਨੁਸਾਰ ਅਮਲ ਕਰਨ ਦੀ ਤੌਫ਼ੀਕ ਪ੍ਰਦਾਨ ਫ਼ਰਮਾਏ ।

**Khulasa Khutba Jumma 01.09.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131